Weekly

# CANADA SIKH TIMES

9 - 15 November 2025

ਕੈਨੇਡਾ ਸਿੱਖ ਟਾਈਮਜ਼

Volume 3 Issue 45

• RELIGION • CULTURE • HERITAGE • BUSINESS

## ਪੰਜਾਬ ਦੀ ਧੀ ਬਣੀ ਵਾਸ਼ਿੰਗਟਨ ’ਚ ਲੀਗਲ ਐਡਵਾਈਜ਼ਰ ਐਂਡ ਐਡਮਨਿਸਟ੍ਰੇਟਿਵ ਅਫਸਰ



ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀਸੀ ਵਿੱਚ ਪੰਜਾਬ ਦੀ ਧੀ ਗੁਰਪਰੀਤ ਕੌਰ ਨੇ ਲੀਗਲ ਐਡਵਾਈਜ਼ਰ ਅਤੇ ਐਡਮਨਿਸਟ੍ਰੇਟਿਵ ਅਫਸਰ ਬਣ ਕੇ ਪੰਜਾਬ ਦਾ ਨਾਂ ਰੌਸ਼ਨ ਕੀਤਾ ਹੈ। ਉਹ 29 ਸਾਲਾ ਨੌਜਵਾਨੀ ਪਿੰਡ ਮੰਡੇਰ ਬੇਟ ਜਿਲ੍ਹਾ ਧਿੱਲਵਾਂ ਦੀ ਰਹਿਣ ਵਾਲੀ ਹੈ। ਗੁਰਪਰੀਤ ਦੀ ਇਹ ਕਾਮਯਾਬੀ ਸਿਰਫ਼ ਉਸ ਦੀ ਨਹੀਂ ਸਗੋਂ ਸਾਰੇ ਪੰਜਾਬ ਦੀ ਨਾਰੀ ਸ਼ਕਤੀ ਦੀ ਮਿਸਾਲ ਬਣ ਗਈ ਹੈ। ਉਹ ਯੂਐੱਸਏ ਅਟਾਰਨੀ ਕੈਂਡੀਡੇਟ 2025 ਤਹਿਤ ਚੁਣੀ ਗਈ ਹੈ ਜਿਸ ਅਧੀਨ ਉਹ ਹਿਊਮਨ ਰਾਈਟਸ ਵਿਭਾਗ ਵਿੱਚ ਜੂਨੀਅਰ ਲੀਗਲ ਐਡਵਾਈਜ਼ਰ ਅਤੇ ਐਡਮਨਿਸਟ੍ਰੇਟਿਵ ਅਫਸਰ ਵਜੋਂ ਕੰਮ ਕਰੇਗੀ। ਗੁਰਪਰੀਤ ਕੌਰ ਦੀ ਅਕਾਦਮਿਕ ਯਾਤਰਾ ਵੀ ਕਾਬਿਲੇ ਤਾਰੀਫ਼ ਰਹੀ ਹੈ। ਉਸ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਐਲਐਲਬੀ ਕੀਤੀ ਹੈ। ਇਸ ਤੋਂ ਇਲਾਵਾ ਉਸ ਕੋਲ ਪੋਲੀਸ ਐਡਮਿਨਿਸਟ੍ਰੇਸ਼ਨ ਵਿੱਚ ਐਮਏ ਅਤੇ ਕਰਿਮਿਨੋਲੋਜੀ ਵਿੱਚ ਵੀ ਐਮਏ ਦੀ ਡਿਗਰੀ ਹੈ। ਪੜ੍ਹਾਈ ਦੌਰਾਨ ਗੁਰਪਰੀਤ ਨੇ ਪੰਜਾਬ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਸੀ ਜਿਸ ਲਈ ਉਸ ਨੂੰ ਰਾਜਪਾਲ ਵੱਲੋਂ ਗੋਲਡ ਮੈਡਲ ਵੀ ਦਿੱਤਾ ਗਿਆ। ਇਹ ਮੈਡਲ ਉਸ ਦੀ ਮਹਨਤ ਦ੍ਰਿੜਤਾ ਅਤੇ ਲਗਨ ਦੀ ਪਹਚਾਨ ਹੈ।

## First Punjabi Woman to Lead BC Engineering and Geoscience Body



Dr. Pria Sandhu has made history by becoming the first and only Punjabi woman appointed as CEO of the British Columbia Society of Engineering and Geoscience. Her appointment marks a significant milestone in representation and leadership within Canada's professional and scientific community. With a strong background in engineering and public service, Dr. Sandhu has been recognized for her contributions to advancing diversity, innovation, and ethical practices in the field. Her leadership is expected to strengthen professional standards and promote inclusivity across the engineering and geoscience sectors in British Columbia. Community members have hailed her achievement as a proud moment for Punjabis worldwide, highlighting her role as an inspiration for women pursuing excellence in science and leadership.

## ਪ੍ਰਕਾਸ਼ ਦਿਹਾੜੇ ਮੌਕੇ ਕਮੇਟੀ ਦੇ ਸਹਿਯੋਗ ਨਾਲ ਫ੍ਰੀ ਮੈਡੀਕਲ ਕੈਂਪ ਦਾ ਆਯੋਜਨ



ਦੁਨੀਆ ਦੇ ਨੰਬਰ ਇਕ ਮੈਡੀਕਲ ਸਿਸਟਮ ਲਈ ਜਾਣੇ ਜਾਂਦੇ ਯੂਰਪੀਅਨ ਦੇਸ਼ ਇਟਲੀ ਦੇ ਸਰਕਾਰੀ ਹਸਪਤਾਲਾਂ ’ਚ ਮੈਡੀਕਲ ਸਹੂਲਤਾਂ ਬਿਲਕੁਲ ਫ੍ਰੀ ਹੋਣ ਦੇ ਬਾਵਜੂਦ ਲਿਉਨਸ ਕਲੱਬ ਰੋਮ ਦੇ ਸਹਿਯੋਗ ਨਾਲ ਇੱਥੋਂ ਦੇ ਗੁਰਦੁਆਰਾ ਗੋਬਿੰਦਸਰ ਸਾਹਿਬ, ਲਵੀਨੀਉ ਵਿਖੇ ਫ੍ਰੀ ਮੈਡੀਕਲ ਕੈਂਪ ਲਗਾਇਆ ਗਿਆ। ਜਿਸ ’ਚ ਲੋੜਵੰਦਾਂ ਨੇ ਫ੍ਰੀ ਮੈਡੀਕਲ ਚੈੱਕਅਪ ਕਰਵਾ ਕੇ ਇਸ ਦਾ ਲਾਭ ਚੁੱਕਿਆ। ਇਸ ਮੌਕੇ ਗੱਲਬਾਤ ਕਰਦਿਆਂ ਡਾਕਟਰਾਂ ਦੀ ਟੀਮ ਨੇ ਦੱਸਿਆ ਕਿ ਇਟਲੀ ਨੂੰ ਮੈਡੀਕਲ ਸਹੂਲਤਾਂ ਲਈ ਸ਼ਕਤੀਸ਼ਾਲੀ ਦੇਸ਼ ਮੰਨਿਆ ਜਾਂਦਾ ਹੈ। ਇੱਥੋਂ ਦੇ ਹਸਪਤਾਲਾਂ ’ਚ ਹਰ ਬੀਮਾਰੀ ਅਤੇ ਵੱਡੇ ਛੋਟੇ ਅਪਰੇਸ਼ਨ ਬਿਲਕੁੱਲ ਮੁਫ਼ਤ ਹੁੰਦੇ ਹਨ। ਲਾਸੀਓ ਸਟੇਟ ’ਚ ਸਾਡੀ ਟੀਮ ਵੱਲੋਂ ਲਿਉਨਸ ਕਲੱਬ ਦੇ ਸਹਿਯੋਗ ਨਾਲ ਥਾਂ-ਥਾਂ ਫ੍ਰੀ ਮੈਡੀਕਲ ਕੈਂਪ ਲਾਏ ਜਾ ਰਹੇ ਹਨ। ਇਕ ਧਾਰਮਿਕ ਜਗ੍ਹਾ ਤੋਂ ਸ਼ੁਰੂਆਤ ਕਰਕੇ ਹੋਰ ਵੀ ਖੁਸ਼ੀ ਮਹਿਸੂਸ ਹੋ ਰਹੀ ਹੈ। ਇਸ ਮੌਕੇ ਗੱਲਬਾਤ ਕਰਦਿਆਂ ਕੁਝ ਨਵੇਂ ਆਏ ਨੌਜਵਾਨਾਂ ਨੇ ਦੱਸਿਆ ਕਿ ਐਤਵਾਰ ਵਾਲੇ ਦਿਨ ਗੁਰਦੁਆਰਾ ਸਾਹਿਬ ਲੱਗੇ ਇਸ ਕੈਂਪ ਨਾਲ ਬਹੁਤ ਸਾਰੇ ਵਿਅਕਤੀਆਂ ਨੂੰ ਫ਼ਾਇਦਾ ਮਿਲੇਗਾ। ਜਿਨ੍ਹਾਂ ਨੂੰ ਕੰਮ ਵਾਲੇ ਦਿਨਾਂ ’ਚ ਛੁੱਟੀ ਲੈ ਕੇ ਹਸਪਤਾਲ ਜਾਣ ’ਚ ਮੁਸ਼ਕਲ ਹੁੰਦੀ ਸੀ ਅਤੇ ਖਾਸ ਕਰਕੇ ਜਿਨ੍ਹਾਂ ਕੋਲ ਇਟਲੀ ਦੇ ਪੱਕੇ ਪੇਪਰ ਨਾ ਹੋਣ ਕਾਰਨ ਉਹ ਰੁਟੀਨ ਟੈਸਟ ਕਰਵਾਉਣ ਲਈ ’ਚ ਅਸਮਰਥ ਸਨ।

DESH VIDESH

# ਗੁਰੂ ਨਾਨਕ ਸਾਹਿਬ ਜੀ ਦਾ ਇਤਿਹਾਸ ਤੇ ਪ੍ਰਚਾਰ ਦੌਰੇ

- ਮਮਤਾ ਕੌਰ, ਹਾਜ਼ੀਬਰਗ, ਝਾਰਖੰਡ

ਗੁਰੂ ਨਾਨਕ ਸਾਹਿਬ ਜੀ ਨੇ ਸਮਾਜ ਵਿੱਚ ਸੰਪੂਰਨ ਕ੍ਰਾਂਤੀ ਯਾਨੀ ਧਾਰਮਿਕ ਸਮਾਜਿਕ ਆਰਥਿਕ ਤੇ ਰਾਜਨੀਤਿਕ ਆਦਿਕ ਜੀਵਨ ਦੇ ਸਭ ਪੱਖਾਂ ਵਿੱਚ ਨਵੀਂ ਸੋਚਣੀ ਦੇ ਪ੍ਰਸਾਰ ਅਤੇ ਇਹਨਾਂ ਵਿਚਾਰਾਂ ਤੇ ਅਧਾਰਿਤ ਨਵੇਂ ਸਮਾਜ ਦੀ ਸਿਰਜਣਾ ਲਈ 'ਨਿਰਮਲ ਪੰਥ' ਚਲਾਇਆ ਸੀ। ਇਸ ਨੂੰ 'ਗੁਰਮੁਖਾਂ ਦਾ ਪੰਥ' 'ਪਾਰਬ੍ਰਹਮ ਦਾ ਪੰਥ' ਵੀ ਕਿਹਾ ਗਿਆ ਅਤੇ ਦਸਵੇਂ ਪਾਤਸ਼ਾਹ ਨੇ ਇਸ ਲਈ ਅੰਤਮ ਸ਼ਬਦ 'ਖਾਲਸਾ ਪੰਥ' ਵਰਤੇ। ਗੁਰੂ ਨਾਨਕ ਸਾਹਿਬ ਜੀ ਨੇ ਅਪਣੇ ਸਮੇਂ ਦੇ ਧਾਰਮਿਕ ਆਗੂਆਂ ਬਾਰੇ ਕਹਿਆ- "ਸਰਮ ਧਰਮ ਕਾ ਡੇਰਾ ਦੂਰਿ॥ ਨਾਨਕ ਕੂੜੁ ਰਹਿਆ ਭਰਪੂਰਿ॥"

ਗੁਰੂ ਨਾਨਕ ਸਾਹਿਬ ਦੁਆਰਾ ਚਲਾਇਆ ਗਿਆ ਧਰਮ ਲੋਕ ਲਹਿਰ ਸੀ। ਇਸ ਉਦੇਸ਼ਾਂ ਦੀ ਸੰਪੂਰਨਤਾ ਲਈ ਲੰਬੇ ਸਮੇਂ ਦੀ ਲੋੜ ਸੀ। ਐਸ ਲਈ ਗੁਰੂ ਨਾਨਕ ਸਾਹਿਬ ਜੀ ਨੇ ਦਸ ਜਾਮਿਆਂ ਵਿੱਚ ਲਗਭਗ 239 ਸਾਲਾਂ ਦੇ ਸਮੇਂ ਵਿੱਚ ਨੇਪਰ ਚੜਾਇਆ। ਹਰ ਇੱਕ ਗੁਰੂ ਸਾਹਿਬ ਜੀ ਨੇ ਭਰਪੂਰ ਯੋਗਦਾਨ ਪਾਇਆ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਪਿੰਡ ਰਾਏ ਭੋਇ ਦੀ ਤਲਵੰਡੀ, ਜਿਲਾ ਸ਼ੇਖੂਪੁਰਾ (ਪਾਕਿਸਤਾਨ) ਵਿੱਚ 15 ਅਪ੍ਰੈਲ, ਸੰਨ 1469 ਨੂੰ ਹੋਇਆ। ਪਿਤਾ 'ਮਹਿਤਾ ਕਲਿਆਣ ਦਾਸ' (ਮਹਿਤਾ ਕਾਲੂ ਜੀ), ਤੇ ਮਾਤਾ 'ਤ੍ਰਿਪਤਾ ਜੀ' ਦੇ ਗ੍ਰਹਿ ਵਿਖੇ ਹੋਇਆ। ਪੰਜ ਸਾਲ ਵੱਡੀ ਭੈਣ ਬੇਬੇ ਨਾਨਕੀ ਜੀ ਸਨ। ਬਾਲ ਉਮਰ ਵਿੱਚ ਪੜਨ ਗਏ ਤਾਂ ਤੀਖਣ ਬੁੱਧੀ ਵੇਖ ਕੇ ਉਸਤਾਦ ਹੈਰਾਨ ਹੋ ਗਏ। ਜਨੇਊ ਧਾਰਨ ਦਾ ਖੰਡਨ ਕੀਤਾ ਤੇ ਕਹਿਆ:

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥**
**ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥** (ਅੰਕ 471)

18 ਸਾਲ ਦੀ ਉਮਰ ਵਿੱਚ ਆਪ ਜੀ ਦਾ ਵਿਆਹ ਬਟਾਲੇ ਦੇ ਰਹਿਣ ਵਾਲੇ ਸ੍ਰੀ ਮੂਲ ਚੰਦ ਜੀ ਦੀ ਸਪੁੱਤਰੀ 'ਬੀਬੀ ਸੁਲਖਣੀ ਜੀ' ਨਾਲ ਹੋਇਆ। ਦੋ ਸਪੁੱਤਰ ਹੋਏ ਸ੍ਰੀ ਚੰਦ ਜੀ ਤੇ ਬਾਬਾ ਲਖਮੀ ਚੰਦ ਜੀ। ਸੰਨ 1504 ਵਿੱਚ ਆਪਣੇ ਜੀਜੇ 'ਭਾਈ ਜੈ ਰਾਮ ਜੀ' ਪਾਸ ਸੁਲਤਾਨਪੁਰ ਗਏ ਤੇ ਨਵਾਬ ਦੌਲਤ ਖਾਂ ਦੇ ਮੋਦੀ ਬੰਣੇ। ਆਪ ਜੀ ਨੇ ਚਾਰ ਉਦਾਸੀਆਂ ਕੀਤੀਆਂ- ਪਹਿਲੀ ਉਦਾਸੀ ਹਿੰਦੂ ਤੀਰਥਾਂ ਵੱਲ ਪੂਰਬੀ ਦਿਸ਼ਾ, ਦੂਜੀ ਉਦਾਸੀ ਸੁਮੇਰ ਪਰਬਤ ਤੇ ਜੋਗੀਆਂ ਨਾਲ, ਤੀਜੀ ਉਦਾਸੀ ਇਸਲਾਮ ਧਰਮ ਦੇ ਅਸਥਾਨਾਂ ਦੀ, ਚੌਥੀ ਉਦਾਸੀ ਪੰਜਾਬ ਵੱਲ ਦੀ।

ਸਤੰਬਰ 1507 ਵਿੱਚ ਭਾਈ ਮਰਦਾਨਾ ਜੀ ਨੂੰ ਨਾਲ ਲੈ ਕੇ ਸੰਸਾਰ ਨੂੰ ਤਾਰਨ ਲਈ, ਧਰਮ ਪ੍ਰਚਾਰ ਲਈ ਕੀਤੀਆਂ ਯਾਤਰਾਵਾਂ ਨੂੰ 'ਉਦਾਸੀਆਂ' ਕਿਹਾ ਜਾਂਦਾ ਹੈ ਉਦਾਸੀਆਂ ਦੌਰਾਨ ਗੁਰੂ ਜੀ ਨੇ ਲੋਕਾਂ ਨੂੰ ਕਰਮ-ਕਾਂਡਾਂ, ਅੰਧ-ਵਿਸ਼ਵਾਸ, ਗਲਤ ਰੀਤਾਂ-ਰਸਮਾਂ ਤੋਂ ਹਟਾ ਕੇ ਇੱਕ ਪ੍ਰਭੂ ਦੀ ਭਗਤੀ ਕਰਨ ਵੱਲ ਲਾਇਆ ਅਤੇ ਨਾਮ ਜਪੋ, ਕਿਰਤ ਕਰੋ, ਤੇ ਵੰਡ ਛਕੋ ਦਾ ਉਪਦੇਸ਼ ਦਿੱਤਾ।

### ਉਦਾਸੀਆਂ ਦੌਰਾਨ ਹੋਈਆਂ ਘਟਨਾਵਾਂ

- ਐਮਨਾਬਾਦ ਵਿੱਚ ਭਾਈ ਲਾਲੋ ਜੀ ਨੂੰ ਆਪਣਾ ਸਿੱਖ ਬਣਾਇਆ ਤੇ ਮਲਕ ਭਾਗੋ ਨੂੰ ਸੀਧੇ ਰਾਹ ਪਾ ਕੇ ਆਪਣਾ ਸਿੱਖ ਬਣਾਇਆ। ਹਰਿਦੁਆਰ ਵਿੱਚ ਲੋਕਾਂ ਨੂੰ ਸੂਰਜ਼ ਨੂੰ ਪਾਣੀ ਦੇਣ ਤੋਂ ਵਰਜਿਆ, ਅਤੇ ਜਾਤ ਪਾਤ ਦਾ ਵਿਚਾਰ ਤਿਆਗੋ ਕਿਉਂਕਿ ਇਕ ਪ੍ਰਭੂ ਨੇ ਹੀ ਸਭ ਨੂੰ ਪੈਦਾ ਕੀਤਾ ਹੈ।
- ਗੋਰਖ ਮਤੇ ਵਿੱਚ ਯੋਗੀਆਂ ਨੂੰ ਭੇਖ ਧਾਰਨ ਕਰਨਾ, ਸਮਾਧੀਆਂ ਲਾਉਣਾ , ਸਰੀਰ ਨੂੰ ਕਸ਼ਟ ਦੇਣਾ, ਤਪ ਤੋਂ ਹਟਾਇਆ, ਤੇ ਚੰਗੇ ਕੰਮ ਕਰਨ ਵੱਲ ਲਾਇਆ। ਗੁਰੂ ਜੀ ਦੇ ਪ੍ਰਚਾਰ ਸਦਕਾ 'ਗੋਰਖ ਮਤਾ' ਬਦਲ ਕੇ 'ਨਾਨਕ ਮਤਾ' ਬਣ ਗਿਆ।
- ਅਲਾਹਾਬਾਦ-ਪ੍ਰਯਾਗ ਵਿਖੇ ਲੋਕਾਂ ਨੂੰ ਸਮਝਾਇਆ ਕਿ ਮਨ ਤੋਂ ਵਿਕਾਰਾਂ ਦੀ ਮੈਲ ਤੀਰਥ-ਇਸ਼ਨਾਨ ਅਤੇ ਦਾਨ-ਪੁੰਨ ਕਰਨ ਨਾਲ ਨਹੀਂ ਉਤਰਦੀ। ਗੁਰਵਾਕ ਹੈ: "ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥" (ਅੰਕ 687) ਬਨਾਰਸ ਵਿਖੇ ਉਪਦੇਸ਼ ਦਿੱਤਾ: ਮੁਕਤੀ ਚੰਗੇ ਕਰਮਾਂ ਨਾਲ ਮਿਲਦੀ ਹੈ। ਨਾ ਕਿ ਖਾਸ ਸਥਾਨ ਤੇ ਜਾ ਕੇ ਰਹਿਣ ਨਾਲ, ਪੰਡਿਤਾਂ ਨੂੰ ਦਾਨ-ਪੁੰਨ ਕਰਨ ਨਾਲ, ਆਰੇ ਨਾਲ ਸਰੀਰ ਕਟਵਾ ਲੇਣ ਨਾਲ।
- ਗਇਆ ਵਿਖੇ ਲੋਕਾਂ ਨੂੰ ਪਿੱਤਰਾਂ ਦੀ ਮੁਕਤੀ ਲਈ ਪਿੰਡ ਭਰਾਉਣ ਤੋਂ ਵਰਜਿਆਂ।
- ਜਗਨਨਾਥ ਪੁਰੀ ਵਿੱਚ ਪ੍ਰਭੂ ਦੀ ਸੱਚੀ ਆਰਤੀ ਕਰਨ ਦਾ ਤਰੀਕਾ ਦੱਸਿਆ ਗੁਰਵਾਕ ਹੈ: ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥ (ਅੰਕ 13 ਅਤੇ 663)।
- ਮਥੁਰਾ ਵਿਖੇ ਸਮਝਾਇਆ "ਕਲਿਯੁਗ" ਨਾਮ ਦੀ ਕੋਈ ਚੀਜ਼ ਨਹੀਂ ਹੈ।
- ਕੁਰਖੇਤਰ (ਕੁਰੂਕਸ਼ੇਤਰ) ਵਿਖੇ ਲੋਕਾਂ ਨੂੰ ਸੂਰਜ-ਗ੍ਰਹਿਣ ਦੀ ਅਸਲੀਅਤ ਦੱਸੀ।
- ਸੁਮੇਰ ਪਰਬਤ ਤੇ ਸਿੱਧਾਂ -ਯੋਗਿਆ ਨੂੰ ਗ੍ਰਿਹਸਤ ਧਰਮ ਨੂੰ ਅਸਲੀ ਸੱਚਾ ਧਰਮ ਸਮਝਾਇਆ। ਜਿਸ ਦਾ ਜਿਕਰ ਸਿਧ ਗੋਸਟ ਬਾਣੀ ਵਿੱਚ ਹੈ,ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ।
- ਅਮਰਨਾਥ ਤੇ ਵਿਸ਼ਨੂ ਦੇਵੀਂ ਵਿਖੇ ਲੋਕਾਂ ਨੂੰ ਸ਼ਿਵ- ਲਿੰਗ ਤੇ ਮੂਰਤੀ ਪੂਜਾ ਕਰਮਕਾਂਡਾਂ ਤੋਂ ਦੂਰ ਕੀਤਾ। ਆਖਰੀ ਉਦਾਸੀ ਸਮੇਂ ਪਾਕਪਟਨ ਤੋਂ ਬਾਬਾ ਫ਼ਰੀਦ ਜੀ ਦੀ ਬਾਣੀ ਸ਼ੇਖ ਬ੍ਰਹਮ ਤੋਂ ਪ੍ਰਾਪਤ ਕੀਤੀ।
- ਮੱਕੇ ਦੱਸਿਆ ਪਰਮਾਤਮਾ ਸਰਬ- ਵਿਆਪਕ ਹੈ; ਹਸਨ ਅਬਦਾਲ ਵਿਖੇ ਵਲੀ ਕੰਧਾਰੀ ਦਾ ਹੰਕਾਰ ਤੋੜਿਆ।
- ਐਮਨਾਬਾਦ ਪੁੱਜੇ ਤਾਂ ਬਾਬਰ ਨੂੰ ਜਾਬਰ ਆਖਿਆ। ਅੰਤ ਬਾਬਰ ਨੂੰ ਸਮਝ ਆ ਗਈ ਤਾਂ ਉਸਨੇ ਸਤਿਗੁਰਾਂ ਤੋਂ ਭੁੱਲ ਬਖਸ਼ਾਈ ਅਤੇ ਕਤਲਿਆਮ ਬੰਦ ਕਰ ਦਿੱਤਾ। ਇਸ ਹਮਲੇ ਬਾਰੇ ਸਤਿਗੁਰਾਂ ਨੇ ਚਾਰ ਸ਼ਬਦ ਉਚਾਰੇ ਹਨ। ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ।



(ਬਾਕੀ ਅਗਲੇ ਪਰਚੇ ਵਿਚ)

## HERITAGE

# ਹੁਣ ਜਹਾਜ਼ ਚੜ੍ਹਨ ਲੱਗਿਆਂ ਵੀ ਵੀਜ਼ਾ ਰੱਦ ਕਰ ਸਕਣਗੇ ਇਮੀਗ੍ਰੇਸ਼ਨ ਅਧਿਕਾਰੀ

ਕੈਨੇਡਾ ਨੇ ਹਾਲ ਹੀ ਵਿੱਚ ਇਮੀਗ੍ਰੇਸ਼ਨ ਬਾਰੇ ਆਪਣੇ ਦਿਸ਼ਾ-ਨਿਰਦੇਸ਼ਾਂ ਨੂੰ ਅਪਡੇਟ ਕੀਤਾ ਹੈ, ਜਿਸ ਤਹਿਤ ਅਧਿਕਾਰੀਆਂ ਨੂੰ ਪਹਿਲਾਂ ਜਾਰੀ ਹੋ ਚੁੱਕੇ ਵਿਜ਼ਟਰ ਵੀਜ਼ੇ, ਸਟੱਡੀ ਪਰਮਿਟ ਅਤੇ ਵਰਕ ਪਰਮਿਟ ਰੱਦ ਕਰਨ ਦੀ ਸ਼ਕਤੀ ਦੇ ਦਿੱਤੀ ਗਈ ਹੈ। ਇਸ ਬਦਲਾਅ ਨਾਲ ਇਮੀਗ੍ਰੇਸ਼ਨ ਸ਼ਰਤਾਂ ਦੀ ਲਗਾਤਾਰ ਪਾਲਣਾ ਜ਼ਰੂਰੀ ਹੈ, ਜਿਸ ਨਾਲ ਕੌਮਾਂਤਰੀ ਵਿਦਿਆਰਥੀਆਂ ਅਤੇ ਵਾਰ-ਵਾਰ ਆਉਣ ਵਾਲੇ ਯਾਤਰੀਆਂ ’ਤੇ ਅਸਰ ਪਵੇਗਾ। ਇਹ ਨਵੇਂ ਨਿਯਮ, ਜੋ ਜੂਨ 2024 ਵਿੱਚ ਪੇਸ਼ ਕੀਤੇ ਗਏ ਸਨ, ਇਸ ਸਾਲ ਫਰਵਰੀ ਤੋਂ ਅਮਲ ਵਿਚ ਆ ਗਏ ਹਨ। ਮਾਹਿਰਾਂ ਨੇ ਦੱਸਿਆ ਕਿ ਇਮੀਗ੍ਰੇਸ਼ਨ ਅਧਿਕਾਰੀ ਹੁਣ ਵੀਜ਼ਾ ਜਾਂ ਪਰਮਿਟ ਜਾਰੀ ਹੋਣ ਤੋਂ ਬਾਅਦ ਵੀ ਇਸ ਨੂੰ ਰੱਦ ਕਰ ਸਕਦੇ ਹਨ। ਇਹ ਕਾਰਵਾਈ ਜਹਾਜ਼ ’ਤੇ ਚੜ੍ਹਨ ਤੋਂ ਪਹਿਲਾਂ, ਪੋਰਟ ਆਫ਼ ਐਂਟਰੀ ’ਤੇ ਜਾਂ ਕੈਨੇਡਾ ਵਿੱਚ ਰਹਿਣ ਦੀ ਮਿਆਦ ਦੌਰਾਨ ਵੀ ਹੋ ਸਕਦੀ ਹੈ। ਇਸ ਨਵੇਂ ਢਾਂਚੇ ਤਹਿਤ ਸਟੱਡੀ ਪਰਮਿਟ ਸਿਰਫ਼ ਉਦੋਂ ਹੀ ਵੈਧ ਰਹਿੰਦਾ ਹੈ ਜੇ ਵਿਦਿਆਰਥੀ ਆਪਣੀ ਪੂਰੀ ਸਟੇਅ ਦੌਰਾਨ ਯੋਗਤਾ ਦੀਆਂ ਸ਼ਰਤਾਂ ਨੂੰ ਪੂਰਾ ਕਰਦੇ ਰਹਿਣ। ਨਵੇਂ ਨਿਯਮਾਂ ਮੁਤਾਬਕ ਹੁਣ ਇੱਥੇ ਜਾਇਜ਼ ਤੌਰ ’ਤੇ ਰਹਿਣ ਵਾਲੇ ਵਿਦਿਆਰਥੀ ਦਾ ਇਕ ਮਾਨਤਾ ਪ੍ਰਾਪਤ ਲਰਨਿੰਗ ਇੰਸਟੀਚਿਊਟ ਵਿੱਚ ਦਾਖਲ ਹੋਣਾ ਜ਼ਰੂਰੀ ਹੈ ਤੇ ਉਹ ਅਕਾਦਮਿਕ ਤਰੱਕੀ ਕਰ ਰਿਹਾ ਹੋਵੇ। ਇਸ ਤੋਂ ਇਲਾਵਾ ਉਸ ਦਾ ਆਪਣੇ ਪਰਮਿਟ ਦੁਆਰਾ ਨਿਰਧਾਰਿਤ ਸੀਮਾਵਾਂ ਦੇ ਅੰਦਰ ਹੀ ਕੰਮ ਕਰਨਾ ਵੀ ਜ਼ਰੂਰੀ ਹੈ। ਜੇ ਕੋਈ ਵਿਦਿਆਰਥੀ ਅਧਿਕਾਰਤ ਮਨਜ਼ੂਰੀ ਤੋਂ ਬਿਨਾਂ ਕਲਾਸਾਂ ਵਿੱਚ ਜਾਣਾ ਬੰਦ ਕਰ ਦਿੰਦਾ ਹੈ ਜਾਂ ਨਿਰਧਾਰਿਤ ਸਮੇਂ ਤੋਂ ਵੱਧ ਕੰਮ ਕਰਦਾ ਹੈ ਤਾਂ ਉਸ ਦਾ ਸਟੱਡੀ ਪਰਮਿਟ ਰੱਦ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਜੇਕਰ ਕੋਈ ਇੰਸਟੀਚਿਊਟ ਆਪਣੀ ਮਾਨਤਾ ਗੁਆ ਦਿੰਦਾ ਹੈ ਤਾਂ ਵਿਦਿਆਰਥੀ ਨੂੰ ਆਪਣਾ ਸਟੇਟਸ ਬਰਕਰਾਰ ਰੱਖਣ ਲਈ ਸਮੇਂ ਸਿਰ ਕਿਸੇ ਹੋਰ ਯੋਗ ਸੰਸਥਾ ਵਿੱਚ ਟਰਾਂਸਫ਼ਰ ਕਰਨਾ ਲਾਜ਼ਮੀ ਹੈ। ਬੋਗਸ Letters of Acceptance ਨਾਲ ਸਬੰਧਤ ਹਾਲੀਆ ਮਾਮਲਿਆਂ ਕਾਰਨ ਵੀ ਵੱਡੀ ਗਿਣਤੀ ’ਚ ਸਟੱਡੀ ਪਰਮਿਟ ਰੱਦ ਕੀਤੇ ਜਾ ਰਹੇ ਹਨ, ਭਾਵੇਂ ਵਿਦਿਆਰਥੀਆਂ ਨੂੰ ਲੈਟਰ ਆਫ਼ ਐਕਸੈਪਟੈਂਸ ਦੇ ਅਸਲੀ ਜਾਂ ਨਕਲੀ ਹੋਣ ਦਾ ਪਤਾ ਹੋਵੇ ਜਾਂ ਨਾ।




## Remembering Dr. Inderjit Singh
### A Visionary Banker and Devout Gursikh



Dr. Inderjit Singh, former Chairman of Punjab & Sind Bank, is remembered as a towering figure whose life embodied dedication, integrity, and service. A distinguished banker and philanthropist, he combined professional excellence with deep spiritual values rooted in Sikhism. Celebrated as an outstanding banker and nation builder, Dr. Singh played a key role in strengthening the banking sector with a focus on ethical growth and public service. Beyond his professional achievements, he was an eminent scholar, selfless social worker, and compassionate human being devoted to uplifting the community. His life stands as a testament to the power of humility, discipline, and devotion. Colleagues and admirers continue to honour his legacy as a true visionary who bridged faith and professionalism, leaving behind an inspiring example for future generations.

## ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

1. **ਗੁਰੂ ਤੇਗ਼ ਬਹਾਦਰ ਜੀ ਨੇ ਕਿਸ ਉਦੇਸ਼ ਨਾਲ ਭਾਰਤ ਵਿੱਚ ਵਿਸ਼ਾਲ ਯਾਤਰਾਵਾਂ ਕੀਤੀਆਂ?**

a) ਸਿੱਖਾਂ ਦੀ ਰਾਜਨੀਤਿਕ ਤਾਕਤ ਫੈਲਾਉਣ ਲਈ
b) ਦਾਨ ਤੇ ਧਨ ਇਕੱਠਾ ਕਰਨ ਲਈ
c) ਮੁਗ਼ਲ ਜ਼ੁਲਮ ਹੇਠ ਪੀੜਤ ਲੋਕਾਂ ਵਿੱਚ ਹਿੰਮਤ ਤੇ ਵਿਸ਼ਵਾਸ ਪੈਦਾ ਕਰਨ ਲਈ
d) ਵਪਾਰਕ ਮਾਰਗ ਸਥਾਪਿਤ ਕਰਨ ਲਈ

2. **ਆਪਣੀਆਂ ਯਾਤਰਾਵਾਂ ਦੌਰਾਨ ਗੁਰੂ ਤੇਗ਼ ਬਹਾਦਰ ਜੀ ਨੇ ਕਿਸ ਸੁਨੇਹੇ ਨੂੰ ਪ੍ਰਮੁੱਖ ਤੌਰ ’ਤੇ ਉਭਾਰਿਆ?**

a) ਰਾਜਿਆਂ ਦਾ ਡਰ ਤੇ ਆਗਿਆਕਾਰਤਾ
b) ਧਨ-ਦੌਲਤ ਤੇ ਆਰਾਮ
c) ਹਿੰਮਤ, ਧਰਮ ਤੇ ਪ੍ਰਭੂ ਦੀ ਯਾਦ
d) ਹਿੰਸਾ ਰਾਹੀਂ ਰਾਜਨੀਤਿਕ ਬਗਾਵਤ


3. **ਗੁਰੂ ਤੇਗ਼ ਬਹਾਦਰ ਜੀ ਦੇ ਸਮੇਂ ਭਾਰਤ ਦੇ ਲੋਕ ਮੁੱਖ ਤੌਰ ’ਤੇ ਕਿਸ ਕਾਰਨ ਪੀੜਤ ਸਨ?**

a) ਕੁਦਰਤੀ ਆਫ਼ਤਾਂ
b) ਮੁਗਲਾਂ ਵੱਲੋਂ ਭਾਰੀ ਕਰ
c) ਧਾਰਮਿਕ ਜ਼ੁਲਮ ਤੇ ਆਤਮਿਕ ਅਜ਼ਾਦੀ ਦੀ ਘਾਟ
d) ਵਪਾਰ ਦੇ ਮੌਕਿਆਂ ਦੀ ਘਾਟ

(ਦੇਖੋ ਉੱਤਰ ਪੰਨਾ 4 ’ਤੇ)

# Sikh Museum Initiative Celebrates a Decade of Digital Innovation

**- Dr. Devindwer Pal Singh**





Since its founding in 2015, the Sikh Museum Initiative (SMI) has led groundbreaking projects to share the story of the Sikhs through exhibitions (e.g. the Anglo Sikh Wars and Contemporary Sikh Arts), digital technology (World's first 3D Sikh Museum), and the promotion of Sikh heritage with numerous museums across the UK. The SMI has completed a decade of groundbreaking work in digitizing and preserving Sikh heritage through modern technology. Founded by historian Gurinder Singh Mann, the UK-based initiative has grown from a community-led project into a respected international platform for cultural preservation and education.

Over the past decade, SMI has collaborated with major institutions, including the Royal Armouries, the Victoria and Albert Museum, and the National Trust, to research, digitize, and showcase rare Sikh artifacts. Among its most notable achievements is the use of 3D modelling, Virtual Reality (VR), and Augmented Reality (AR) to recreate historical relics and spaces linked to Guru Gobind Singh, Maharajah Ranjit Singh, and Maharani Jindan Kaur.

Working with technologist Taran Singh, SMI pioneered digital heritage experiences through the landmark exhibition "Anglo Sikh Wars: Battles, Treaties and Relics" (2016–2017), which was the first Sikh exhibition to integrate 3D technologies. In 2023, SMI achieved another milestone with the installation of the first 3D Sikh exhibit at the Royal Armouries in Leeds, offering immersive interactions with artifacts such as an Akali turban, a shield, and a metal helmet.

Despite facing challenges in accessing museum collections and developing accurate digital replicas, the SMI team's perseverance has revolutionized the way Sikh history is experienced. The initiative has also promoted global Sikh creativity through two major contemporary art exhibitions in 2018 and 2024. Celebrating its tenth anniversary at the University of Leicester, SMI reaffirmed its commitment to combining heritage and technology to make Sikh culture accessible worldwide. Visitors can explore the digitized artifacts at the Anglo Sikh Virtual Museum (www.anglosikhmuseum.com).


## SIKH MATRIMONIALS

Suitable match required for Sikh Boy | DOB 26.1.1996. Aeronautical engineer working in reputed airline in Canada. 5 feet 8 inches. Annual income 100,000 CAD. Own house, Canada PR. +919971863565 (India)

Gursikh Boy 26/5'6"/ Electro Mechanical Engineering from Algonquin College, Ottawa working with Alstom Transport/ 75000 CAD. PR/ Elder brother married settled in Canada/ Father Govt Contractor MES +91 9911101350

Suitable match for M- 91-5-7" Gursikh Khatri boy,well qualified and working in London (Facebook) V High Package +91 8860484847

Sikh boy required for UK based girl, 26 years, 5 feet 3 inches, working as Psychologist in UK hospital, Masters in clinical Psychology. On work permit, contact 9971863565.


ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. C 2. C 3. C

Chief Editor: Dr. Harjinder Singh Editor: Dr. Davinder Singh Designer: Pavit Singh

Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)



email: canadasikhtimes@gmail.com, M: +1 437 673 7555